ਰਾਮਕਲੀ ਮਹਲਾ ੧ ਸਿਧ ਗੋਸਟਿ (੯੩੮-੫)
raamkalee mehlaa 1 siDh gosat

ੴ ਸਤਿਗੁਰ ਪ੍ਰਸਾਦਿ ॥ (੯੩੮-੫)
ik-o$^{N}$kaar satgur parsaad.

ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ ॥ (੯੩੮-੬, ਰਾਮਕਲੀ, ਮਃ ੧)
siDh sabhaa kar aasan baithay sant sabhaa jaikaaro.

ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ ॥ (੯੩੮-੬, ਰਾਮਕਲੀ, ਮਃ ੧)
tis aagai rahraas hamaaree saachaa apar apaaro.

ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ ॥ (੯੩੮-੭, ਰਾਮਕਲੀ, ਮਃ ੧)
mastak kaat Dharee tis aagai tan man aagai day-o.

ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ ॥੧॥ (੯੩੮-੭, ਰਾਮਕਲੀ, ਮਃ ੧)
naanak sant milai sach paa-ee-ai sahj bhaa-ay jas lay-o. ||1||

ਕਿਆ ਭਵੀਐ ਸਚਿ ਸੂਚਾ ਹੋਇ ॥ (੯੩੮-੮, ਰਾਮਕਲੀ, ਮਃ ੧)
ki-aa bhavee-ai sach soochaa ho-ay.

ਸਾਚ ਸਬਦ ਬਿਨੁ ਮੁਕਤਿ ਨ ਕੋਇ ॥੧॥ ਰਹਾਉ ॥ (੯੩੮-੮, ਰਾਮਕਲੀ, ਮਃ ੧)
saach sabad bin mukat na ko-ay. ||1|| rahaa-o.

ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ ॥ (੯੩੮-੮, ਰਾਮਕਲੀ, ਮਃ ੧)
kavan tumay ki-aa naa-o tumaaraa ka-un maarag ka-un su-aa-o.

ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ ॥ (੯੩੮-੯, ਰਾਮਕਲੀ, ਮਃ ੧)
saach kaha-o ardaas hamaaree ha-o sant janaa bal jaa-o.

ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ ॥ (੯੩੮-੯, ਰਾਮਕਲੀ, ਮਃ ੧)
kah baishu kah rahee-ai baalay kah aavhu kah jaaho.

ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ ॥੨॥ (੯੩੮-੧੦, ਰਾਮਕਲੀ, ਮਃ ੧)
naanak bolai sun bairaagee ki-aa tumaaraa raaho. ||2||

ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ ॥ (੯੩੮-੧੦, ਰਾਮਕਲੀ, ਮਃ ੧)
ghat ghat bais nirantar rahee-ai chaaleh satgur bhaa-ay.

ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ ॥ (੯੩੮-੧੧, ਰਾਮਕਲੀ, ਮਃ ੧)
sehjay aa-ay hukam siDhaa-ay naanak sadaa rajaa-ay.

ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ ॥ (੯੩੮-੧੨, ਰਾਮਕਲੀ, ਮਃ ੧)
aasan baisan thir naaraa-in aisee gurmat paa-ay.

ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ ॥੩॥ (੯੩੮-੧੨, ਰਾਮਕਲੀ, ਮਃ ੧)
gurmukh boojhai aap pachhaanai sachay sach samaa-ay. ||3||

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥ (੯੩੮-੧੩, ਰਾਮਕਲੀ, ਮਃ ੧)
dunee-aa saagar dutar kahee-ai ki-o kar paa-ee-ai paaro.

ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥ (੯੩੮-੧੩, ਰਾਮਕਲੀ, ਮਃ ੧)
charpat bolai a-oDhoo naanak dayh sachaa beechaaro.

ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ ॥ (੯੩੮-੧੪, ਰਾਮਕਲੀ, ਮਃ ੧)
aapay aakhai aapay samjhai tis ki-aa utar deejai.

ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ ॥੪॥ (੯੩੮-੧੪, ਰਾਮਕਲੀ, ਮਃ ੧)
saach kahhu tum paargaraamee tujh ki-aa baisan deejai. ||4||

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥ (੯੩੮-੧੫, ਰਾਮਕਲੀ, ਮਃ ੧)
jaisay jal meh kamal niraalam murgaa-ee nai saanay.

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥ (੯੩੮-੧੫, ਰਾਮਕਲੀ, ਮਃ ੧)
surat sabad bhav saagar taree-ai naanak naam vakhaanay.

ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥ (੯੩੮-੧੬, ਰਾਮਕਲੀ, ਮਃ ੧)
raheh ikaa$^{N}$t ayko man vasi-aa aasaa maahi niraaso.

ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥੫॥ (੯੩੮-੧੬, ਰਾਮਕਲੀ, ਮਃ ੧)
agam agochar daykh dikhaa-ay naanak taa kaa daaso. ||5||

ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ ॥ (੯੩੮-੧੭, ਰਾਮਕਲੀ, ਮਃ ੧)
sun su-aamee ardaas hamaaree poochha-o saach beechaaro.

ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ ॥ (੯੩੮-੧੭, ਰਾਮਕਲੀ, ਮਃ ੧)
ros na keejai utar deejai ki-o paa-ee-ai gur du-aaro.

ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ ॥ (੯੩੮-੧੮, ਰਾਮਕਲੀ, ਮਃ ੧)
ih man chalta-o sach ghar baisai naanak naam aDhaaro.

ਆਪੇ ਮੇਲਿ ਮਿਲਾਏ ਕਰਤਾ ਲਾਗੈ ਸਾਚਿ ਪਿਆਰੋ ॥੬॥ (੯੩੮-੧੮, ਰਾਮਕਲੀ, ਮਃ ੧)
aapay mayl milaa-ay kartaa laagai saach pi-aaro. ||6||

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ॥ (੯੩੮-੧੯, ਰਾਮਕਲੀ, ਮਃ ੧)
haatee baatee raheh niraalay rookh birakh udi-aanay.

ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ॥ (੯੩੮-੧੯, ਰਾਮਕਲੀ, ਮਃ ੧)
kand mool ahaaro khaa-ee-ai a-oDhoo bolai gi-aanay.

ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ ॥ (੯੩੯-੧, ਰਾਮਕਲੀ, ਮਃ ੧)
tirath naa-ee-ai sukh fal paa-ee-ai mail na laagai kaa-ee.

ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ ॥੭॥ (੯੩੯-੧, ਰਾਮਕਲੀ, ਮਃ ੧)
gorakh poot lohaareepaa bolai jog jugat biDh saa-ee. ||7||

ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋੁਲਾਈ ॥ (੯੩੯-੨, ਰਾਮਕਲੀ, ਮਃ ੧)
haatee baatee need na aavai par ghar chit na dolaa-ee.

ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥ (੯੩੯-੩, ਰਾਮਕਲੀ, ਮਃ ੧)
bin naavai man tayk na tik-ee naanak bhookh na jaa-ee.

ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥ (੯੩੯-੩, ਰਾਮਕਲੀ, ਮਃ ੧)
haat patan ghar guroo dikhaa-i-aa sehjay sach vaapaaro.

ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥੮॥ (੯੩੯-੪, ਰਾਮਕਲੀ, ਮਃ ੧)
khandit nidraa alap ahaara$^{N}$ naanak tat beechaaro. ||8||

ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ ॥ (੯੩੯-੪, ਰਾਮਕਲੀ, ਮਃ ੧)
darsan bhaykh karahu jogindaraa mundraa jholee khinthaa.

ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ ॥ (੯੩੯-੫, ਰਾਮਕਲੀ, ਮਃ ੧)
baarah antar ayk sarayvhu khat darsan ik panthaa.

ਇਨ ਬਿਧਿ ਮਨੁ ਸਮਝਾਈਐ ਪੁਰਖਾ ਬਾਹੁੜਿ ਚੋਟ ਨ ਖਾਈਐ ॥ (੯੩੯-੫, ਰਾਮਕਲੀ, ਮਃ ੧)
in biDh man samjaa-ee-ai purkhaa baahurh chot na khaa-ee-ai.

ਨਾਨਕੁ ਬੋਲੈ ਗੁਰਮੁਖਿ ਬੂਝੈ ਜੋਗ ਜੁਗਤਿ ਇਵ ਪਾਈਐ ॥੯॥ (੯੩੯-੬, ਰਾਮਕਲੀ, ਮਃ ੧)
naanak bolai gurmukh boojhai jog jugat iv paa-ee-ai. ||9||

ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ ॥ (੯੩੯-੬, ਰਾਮਕਲੀ, ਮਃ ੧)
antar sabad nirantar mudraa ha-umai mamtaa door karee.

ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ ॥ (੯੩੯-੭, ਰਾਮਕਲੀ, ਮਃ ੧)
kaam kroDh aha$^{N}$kaar nivaarai gur kai sabad so samajh paree.

ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕੁ ਹਰੀ ॥ (੯੩੯-੭, ਰਾਮਕਲੀ, ਮਃ ੧)
khinthaa jholee bharipur rahi-aa naanak taarai ayk haree.

ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ ॥੧੦॥ (੯੩੯-੮, ਰਾਮਕਲੀ, ਮਃ ੧)
saachaa saahib saachee naa-ee parkhai gur kee baat kharee. ||10||

ਊੰਧਉ ਖਪਰੁ ਪੰਚ ਭੂ ਟੋਪੀ ॥ (੯੩੯-੮, ਰਾਮਕਲੀ, ਮਃ ੧)
oo$^{N}$Dha-o khapar panch bhoo topee.

ਕਾਂਇਆ ਕੜਾਸਣੁ ਮਨੁ ਜਾਗੋਟੀ ॥ (੯੩੯-੯, ਰਾਮਕਲੀ, ਮਃ ੧)
kaa$^{N}$-i-aa karhaasan man jaagotee.

ਸਤੁ ਸੰਤੋਖੁ ਸੰਜਮੁ ਹੈ ਨਾਲਿ ॥ (੯੩੯-੯, ਰਾਮਕਲੀ, ਮਃ ੧)
sat santokh sanjam hai naal.

ਨਾਨਕ ਗੁਰਮੁਖਿ ਨਾਮੁ ਸਮਾਲਿ ॥੧੧॥ (੯੩੯-੯, ਰਾਮਕਲੀ, ਮਃ ੧)
naanak gurmukh naam samaal. ||11||

ਕਵਨੁ ਸੁ ਗੁਪਤਾ ਕਵਨੁ ਸੁ ਮੁਕਤਾ ॥ (੯੩੯-੧੦, ਰਾਮਕਲੀ, ਮਃ ੧)
kavan so guptaa kavan so muktaa.

ਕਵਨੁ ਸੁ ਅੰਤਰਿ ਬਾਹਰਿ ਜੁਗਤਾ ॥ (੯੩੯-੧੦, ਰਾਮਕਲੀ, ਮਃ ੧)
kavan so antar baahar jugtaa.

ਕਵਨੁ ਸੁ ਆਵੈ ਕਵਨੁ ਸੁ ਜਾਇ ॥ (੯੩੯-੧੦, ਰਾਮਕਲੀ, ਮਃ ੧)
kavan so aavai kavan so jaa-ay.

ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ ॥੧੨॥ (੯੩੯-੧੧, ਰਾਮਕਲੀ, ਮਃ ੧)
kavan so taribhavan rahi-aa samaa-ay. ||12||

ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ ॥ (੯੩੯-੧੧, ਰਾਮਕਲੀ, ਮਃ ੧)
ghat ghat guptaa gurmukh muktaa.

ਅੰਤਰਿ ਬਾਹਰਿ ਸਬਦਿ ਸੁ ਜੁਗਤਾ ॥ (੯੩੯-੧੧, ਰਾਮਕਲੀ, ਮਃ ੧)
antar baahar sabad so jugtaa.

ਮਨਮੁਖਿ ਬਿਨਸੈ ਆਵੈ ਜਾਇ ॥ (੯੩੯-੧੨, ਰਾਮਕਲੀ, ਮਃ ੧)
manmukh binsai aavai jaa-ay.

ਨਾਨਕ ਗੁਰਮੁਖਿ ਸਾਚਿ ਸਮਾਇ ॥੧੩॥ (੯੩੯-੧੨, ਰਾਮਕਲੀ, ਮਃ ੧)
naanak gurmukh saach samaa-ay. ||13||

ਕਿਉ ਕਰਿ ਬਾਧਾ ਸਰਪਨਿ ਖਾਧਾ ॥ (੯੩੯-੧੨, ਰਾਮਕਲੀ, ਮਃ ੧)
ki-o kar baaDhaa sarpan khaaDhaa.

ਕਿਉ ਕਰਿ ਖੋਇਆ ਕਿਉ ਕਰਿ ਲਾਧਾ ॥ (੯੩੯-੧੩, ਰਾਮਕਲੀ, ਮਃ ੧)
ki-o kar kho-i-aa ki-o kar laaDhaa.

ਕਿਉ ਕਰਿ ਨਿਰਮਲੁ ਕਿਉ ਕਰਿ ਅੰਧਿਆਰਾ ॥ (੯੩੯-੧੩, ਰਾਮਕਲੀ, ਮਃ ੧)
ki-o kar nirmal ki-o kar anDhi-aaraa.

ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ ॥੧੪॥ (੯੩੯-੧੩, ਰਾਮਕਲੀ, ਮਃ ੧)
ih tat beechaarai so guroo hamaaraa. ||14||

ਦੁਰਮਤਿ ਬਾਧਾ ਸਰਪਨਿ ਖਾਧਾ ॥ (੯੩੯-੧੪, ਰਾਮਕਲੀ, ਮਃ ੧)
durmat baaDhaa sarpan khaaDhaa.

ਮਨਮੁਖਿ ਖੋਇਆ ਗੁਰਮੁਖਿ ਲਾਧਾ ॥ (੯੩੯-੧੪, ਰਾਮਕਲੀ, ਮਃ ੧)
manmukh kho-i-aa gurmukh laaDhaa.

ਸਤਿਗੁਰੁ ਮਿਲੈ ਅੰਧੇਰਾ ਜਾਇ ॥ (੯੩੯-੧੫, ਰਾਮਕਲੀ, ਮਃ ੧)
satgur milai anDhayraa jaa-ay.

ਨਾਨਕ ਹਉਮੈ ਮੇਟਿ ਸਮਾਇ ॥੧੫॥ (੯੩੯-੧੫, ਰਾਮਕਲੀ, ਮਃ ੧)
naanak ha-umai mayt samaa-ay. ||15||

ਸੁੰਨ ਨਿਰੰਤਰਿ ਦੀਜੈ ਬੰਧੁ ॥ (੯੩੯-੧੫, ਰਾਮਕਲੀ, ਮਃ ੧)
sunn nirantar deejai banDh.

ਉਡੈ ਨ ਹੰਸਾ ਪੜੈ ਨ ਕੰਧੁ ॥ (੯੩੯-੧੫, ਰਾਮਕਲੀ, ਮਃ ੧)
udai na hansaa parhai na kanDh.

ਸਹਜ ਗੁਫਾ ਘਰੁ ਜਾਣੈ ਸਾਚਾ ॥ (੯੩੯-੧੬, ਰਾਮਕਲੀ, ਮਃ ੧)
sahj gufaa ghar jaanai saachaa.

ਨਾਨਕ ਸਾਚੇ ਭਾਵੈ ਸਾਚਾ ॥੧੬॥ (੯੩੯-੧੬, ਰਾਮਕਲੀ, ਮਃ ੧)
naanak saachay bhaavai saachaa. ||16||

ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥ (੯੩੯-੧੬, ਰਾਮਕਲੀ, ਮਃ ੧)
kis kaaran garihu taji-o udaasee.

ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥ (੯੩੯-੧੭, ਰਾਮਕਲੀ, ਮਃ ੧)
kis kaaran ih bhaykh nivaasee.

ਕਿਸੁ ਵਖਰ ਕੇ ਤੁਮ ਵਣਜਾਰੇ ॥ (੯੩੯-੧੭, ਰਾਮਕਲੀ, ਮਃ ੧)
kis vakhar kay tum vanjaaray.

ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥੧੭॥ (੯੩੯-੧੭, ਰਾਮਕਲੀ, ਮਃ ੧)
ki-o kar saath langhaavahu paaray. ||17||

ਗੁਰਮੁਖਿ ਖੋਜਤ ਭਏ ਉਦਾਸੀ ॥ (੯੩੯-੧੮, ਰਾਮਕਲੀ, ਮਃ ੧)
gurmukh khojat bha-ay udaasee.

ਦਰਸਨ ਕੈ ਤਾਈ ਭੇਖ ਨਿਵਾਸੀ ॥ (੯੩੯-੧੮, ਰਾਮਕਲੀ, ਮਃ ੧)
darsan kai taa-ee bhaykh nivaasee.

ਸਾਚ ਵਖਰ ਕੇ ਹਮ ਵਣਜਾਰੇ ॥ (੯੩੯-੧੮, ਰਾਮਕਲੀ, ਮਃ ੧)
saach vakhar kay ham vanjaaray.

ਨਾਨਕ ਗੁਰਮੁਖਿ ਉਤਰਸਿ ਪਾਰੇ ॥੧੮॥ (੯੩੯-੧੯, ਰਾਮਕਲੀ, ਮਃ ੧)
naanak gurmukh utras paaray. ||18||

ਕਿਤੁ ਬਿਧਿ ਪੁਰਖਾ ਜਨਮੁ ਵਟਾਇਆ ॥ (੯੩੯-੧੯, ਰਾਮਕਲੀ, ਮਃ ੧)
kit biDh purkhaa janam vataa-i-aa.

ਕਾਹੇ ਕਉ ਤੁਝੁ ਇਹੁ ਮਨੁ ਲਾਇਆ ॥ (੯੩੯-੧੯, ਰਾਮਕਲੀ, ਮਃ ੧)
kaahay ka-o tujh ih man laa-i-aa.

ਕਿਤੁ ਬਿਧਿ ਆਸਾ ਮਨਸਾ ਖਾਈ ॥ (੯੪੦-੧, ਰਾਮਕਲੀ, ਮਃ ੧)

kit biDh aasaa mansaa khaa-ee.

ਕਿਤੁ ਬਿਧਿ ਜੋਤਿ ਨਿਰੰਤਰਿ ਪਾਈ ॥ (੯੪੦-੧, ਰਾਮਕਲੀ, ਮਃ ੧)

kit biDh jot nirantar paa-ee.

ਬਿਨੁ ਦੰਤਾ ਕਿਉ ਖਾਈਐ ਸਾਰੁ ॥ (੯੪੦-੧, ਰਾਮਕਲੀ, ਮਃ ੧)

bin dantaa ki-o khaa-ee-ai saar.

ਨਾਨਕ ਸਾਚਾ ਕਰਹੁ ਬੀਚਾਰੁ ॥੧੯॥ (੯੪੦-੨, ਰਾਮਕਲੀ, ਮਃ ੧)

naanak saachaa karahu beechaar. ||19||

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ (੯੪੦-੨, ਰਾਮਕਲੀ, ਮਃ ੧)

satgur kai janmay gavan mitaa-i-aa.

ਅਨਹਤਿ ਰਾਤੇ ਇਹੁ ਮਨੁ ਲਾਇਆ ॥ (੯੪੦-੨, ਰਾਮਕਲੀ, ਮਃ ੧)

anhat raatay ih man laa-i-aa.

ਮਨਸਾ ਆਸਾ ਸਬਦਿ ਜਲਾਈ ॥ (੯੪੦-੩, ਰਾਮਕਲੀ, ਮਃ ੧)

mansaa aasaa sabad jalaa-ee.

ਗੁਰਮੁਖਿ ਜੋਤਿ ਨਿਰੰਤਰਿ ਪਾਈ ॥ (੯੪੦-੩, ਰਾਮਕਲੀ, ਮਃ ੧)

gurmukh jot nirantar paa-ee.

ਤ੍ਰੈ ਗੁਣ ਮੇਟੇ ਖਾਈਐ ਸਾਰੁ ॥ (੯੪੦-੩, ਰਾਮਕਲੀ, ਮਃ ੧)

tarai gun maytay khaa-ee-ai saar.

ਨਾਨਕ ਤਾਰੇ ਤਾਰਣਹਾਰੁ ॥੨੦॥ (੯੪੦-੪, ਰਾਮਕਲੀ, ਮਃ ੧)

naanak taaray taaranhaar. ||20||

ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ ॥ (੯੪੦-੪, ਰਾਮਕਲੀ, ਮਃ ੧)

aad ka-o kavan beechaar kathee-alay sunn kahaa ghar vaaso.

ਗਿਆਨ ਕੀ ਮੁਦ੍ਰਾ ਕਵਨ ਕਥੀਅਲੇ ਘਟਿ ਘਟਿ ਕਵਨ ਨਿਵਾਸੋ ॥ (੯੪੦-੫, ਰਾਮਕਲੀ, ਮਃ ੧)

gi-aan kee mudraa kavan kathee-alay ghat ghat kavan nivaaso.

ਕਾਲ ਕਾ ਠੀਗਾ ਕਿਉ ਜਲਾਈਅਲੇ ਕਿਉ ਨਿਰਭਉ ਘਰਿ ਜਾਈਐ ॥ (੯੪੦-੫, ਰਾਮਕਲੀ, ਮਃ ੧)

kaal kaa theegaa ki-o jalaa-ee-alay ki-o nirbha-o ghar jaa-ee-ai.

ਸਹਜ ਸੰਤੋਖ ਕਾ ਆਸਣੁ ਜਾਣੈ ਕਿਉ ਛੇਦੇ ਬੈਰਾਈਐ ॥ (੯੪੦-੬, ਰਾਮਕਲੀ, ਮਃ ੧)
sahj santokh kaa aasan jaanai ki-o chhayday bairaa-ee-ai.

ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ ॥ (੯੪੦-੬, ਰਾਮਕਲੀ, ਮਃ ੧)
gur kai sabad ha-umai bikh maarai taa nij ghar hovai vaaso.

ਜਿਨਿ ਰਚਿ ਰਚਿਆ ਤਿਸੁ ਸਬਦਿ ਪਛਾਣੈ ਨਾਨਕੁ ਤਾ ਕਾ ਦਾਸੋ ॥੨੧॥ (੯੪੦-੭, ਰਾਮਕਲੀ, ਮਃ 1)
jin rach rachi-aa tis sabad pachhaanai naanak taa kaa daaso. ||21||

ਕਹਾ ਤੇ ਆਵੈ ਕਹਾ ਇਹੁ ਜਾਵੈ ਕਹਾ ਇਹੁ ਰਹੈ ਸਮਾਈ ॥ (੯੪੦-੭, ਰਾਮਕਲੀ, ਮਃ ੧)
kahaa tay aavai kahaa ih jaavai kahaa ih rahai samaa-ee.

ਏਸੁ ਸਬਦ ਕਉ ਜੋ ਅਰਥਾਵੈ ਤਿਸੁ ਗੁਰ ਤਿਲੁ ਨ ਤਮਾਈ ॥ (੯੪੦-੮, ਰਾਮਕਲੀ, ਮਃ ੧)
ays sabad ka-o jo arthaavai tis gur til na tamaa-ee.

ਕਿਉ ਤਤੈ ਅਵਿਗਤੈ ਪਾਵੈ ਗੁਰਮੁਖਿ ਲਗੈ ਪਿਆਰੋ ॥ (੯੪੦-੯, ਰਾਮਕਲੀ, ਮਃ ੧)
ki-o tatai avigatai paavai gurmukh lagai pi-aaro.

ਆਪੇ ਸੁਰਤਾ ਆਪੇ ਕਰਤਾ ਕਹੁ ਨਾਨਕ ਬੀਚਾਰੋ ॥ (੯੪੦-੯, ਰਾਮਕਲੀ, ਮਃ ੧)
aapay surtaa aapay kartaa kaho naanak beechaaro.

ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ ॥ (੯੪੦-੧੦, ਰਾਮਕਲੀ, ਮਃ ੧)
hukmay aavai hukmay jaavai hukmay rahai samaa-ee.

ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ ॥੨੨॥ (੯੪੦-੧੦, ਰਾਮਕਲੀ, ਮਃ ੧)
pooray gur tay saach kamaavai gat mit sabday paa-ee. ||22||

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ ॥ (੯੪੦-੧੧, ਰਾਮਕਲੀ, ਮਃ 1)
aad ka-o bismaad beechaar kathee-alay sunn nirantar vaas lee-aa.

ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ ਘਟਿ ਘਟਿ ਸਾਚਾ ਸਰਬ ਜੀਆ ॥ (੯੪੦-੧੧, ਰਾਮਕਲੀ, ਮਃ 1)
akalpat mudraa gur gi-aan beechaaree-alay ghat ghat saachaa sarab jee-aa.

ਗੁਰ ਬਚਨੀ ਅਵਿਗਤਿ ਸਮਾਈਐ ਤਤੁ ਨਿਰੰਜਨੁ ਸਹਜਿ ਲਹੈ ॥ (੯੪੦-੧੨, ਰਾਮਕਲੀ, ਮਃ ੧)
gur bachnee avigat samaa-ee-ai tat niranjan sahj lahai.

ਨਾਨਕ ਦੂਜੀ ਕਾਰ ਨ ਕਰਣੀ ਸੇਵੈ ਸਿਖੁ ਸੁ ਖੋਜਿ ਲਹੈ ॥ (੯੪੦-੧੩, ਰਾਮਕਲੀ, ਮਃ ੧)
naanak doojee kaar na karnee sayvai sikh so khoj lahai.

ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ ॥ (੯੪੦-੧੩, ਰਾਮਕਲੀ, ਮਃ ੧)
hukam bismaad hukam pachhaanai jee-a jugat sach jaanai so-ee.

ਆਪੁ ਮੇਟਿ ਨਿਰਾਲਮੁ ਹੋਵੈ ਅੰਤਰਿ ਸਾਚੁ ਜੋਗੀ ਕਹੀਐ ਸੋਈ ॥੨੩॥ (੯੪੦-੧੪, ਰਾਮਕਲੀ, ਮਃ 1)
aap mayt niraalam hovai antar saach jogee kahee-ai so-ee. ||23||

ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ ॥ (੯੪੦-੧੪, ਰਾਮਕਲੀ, ਮਃ ੧)
avigato nirmaa-il upjay nirgun tay sargun thee-aa.

ਸਤਿਗੁਰ ਪਰਚੈ ਪਰਮ ਪਦੁ ਪਾਈਐ ਸਾਚੈ ਸਬਦਿ ਸਮਾਇ ਲੀਆ ॥ (੯੪੦-੧੫, ਰਾਮਕਲੀ, ਮਃ ੧)
satgur parchai param pad paa-ee-ai saachai sabad samaa-ay lee-aa.

ਏਕੇ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ ॥ (੯੪੦-੧੬, ਰਾਮਕਲੀ, ਮਃ ੧)
aykay ka-o sach aykaa jaanai ha-umai doojaa door kee-aa.

ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ ॥ (੯੪੦-੧੬, ਰਾਮਕਲੀ, ਮਃ ੧)
so jogee gur sabad pachhaanai antar kamal pargaas thee-aa.

ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥ (੯੪੦-੧੭, ਰਾਮਕਲੀ, ਮਃ ੧)
jeevat marai taa sabh kichh soojhai antar jaanai sarab da-i-aa.

ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ ॥੨੪॥ (੯੪੦-੧੭, ਰਾਮਕਲੀ, ਮਃ ੧)
naanak taa ka-o milai vadaa-ee aap pachhaanai sarab jee-aa. ||24||

ਸਾਚੌ ਉਪਜੈ ਸਾਚਿ ਸਮਾਵੈ ਸਾਚੇ ਸੂਚੇ ਏਕ ਮਇਆ ॥ (੯੪੦-੧੮, ਰਾਮਕਲੀ, ਮਃ ੧)
saachou upjai saach samaavai saachay soochay ayk ma-i-aa.

ਝੂਠੇ ਆਵਹਿ ਠਵਰ ਨ ਪਾਵਹਿ ਦੂਜੈ ਆਵਾ ਗਉਣੁ ਭਇਆ ॥ (੯੪੦-੧੮, ਰਾਮਕਲੀ, ਮਃ ੧)
jhoothay aavahi thavar na paavahi doojai aavaa ga-on bha-i-aa.

ਆਵਾ ਗਉਣੁ ਮਿਟੈ ਗੁਰ ਸਬਦੀ ਆਪੇ ਪਰਖੈ ਬਖਸਿ ਲਇਆ ॥ (੯੪੦-੧੯, ਰਾਮਕਲੀ, ਮਃ ੧)
aavaa ga-on mitai gur sabdee aapay parkhai bakhas la-i-aa.

ਏਕਾ ਬੇਦਨ ਦੂਜੈ ਬਿਆਪੀ ਨਾਮੁ ਰਸਾਇਣੁ ਵੀਸਰਿਆ ॥ (੯੪੦-੧੯, ਰਾਮਕਲੀ, ਮਃ ੧)
aykaa baydan doojai bi-aapee naam rasaa-in veesri-aa.

ਸੋ ਬੂਝੈ ਜਿਸੁ ਆਪਿ ਬੁਝਾਏ ਗੁਰ ਕੈ ਸਬਦਿ ਸੁ ਮੁਕਤੁ ਭਇਆ ॥ (੯੪੧-੧, ਰਾਮਕਲੀ, ਮਃ ੧)
so boojhai jis aap bujhaa-ay gur kai sabad so mukat bha-i-aa.

ਨਾਨਕ ਤਾਰੇ ਤਾਰਣਹਾਰਾ ਹਉਮੈ ਦੂਜਾ ਪਰਹਰਿਆ ॥੨੫॥ (੯੪੧-੨, ਰਾਮਕਲੀ, ਮਃ ੧)
naanak taaray taaranhaaraa ha-umai doojaa parhari-aa. ||25||

ਮਨਮੁਖਿ ਭੂਲੈ ਜਮ ਕੀ ਕਾਣਿ ॥ (੯੪੧-੨, ਰਾਮਕਲੀ, ਮਃ ੧)
manmukh bhoolai jam kee kaan.

ਪਰ ਘਰੁ ਜੋਹੈ ਹਾਣੇ ਹਾਣਿ ॥ (੯੪੧-੨, ਰਾਮਕਲੀ, ਮਃ ੧)
par ghar johai haanay haan.

ਮਨਮੁਖਿ ਭਰਮਿ ਭਵੈ ਬੇਬਾਣਿ ॥ (੯੪੧-੩, ਰਾਮਕਲੀ, ਮਃ ੧)
manmukh bharam bhavai baybaan.

ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥ (੯੪੧-੩, ਰਾਮਕਲੀ, ਮਃ ੧)
vaymaarag moosai mantar masaan.

ਸਬਦੁ ਨ ਚੀਨੈ ਲਵੈ ਕੁਬਾਣਿ ॥ (੯੪੧-੩, ਰਾਮਕਲੀ, ਮਃ ੧)
sabad na cheenai lavai kubaan.

ਨਾਨਕ ਸਾਚਿ ਰਤੇ ਸੁਖੁ ਜਾਣਿ ॥੨੬॥ (੯੪੧-੪, ਰਾਮਕਲੀ, ਮਃ ੧)
naanak saach ratay sukh jaan. ||26||

ਗੁਰਮੁਖਿ ਸਾਚੇ ਕਾ ਭਉ ਪਾਵੈ ॥ (੯੪੧-੪, ਰਾਮਕਲੀ, ਮਃ ੧)
gurmukh saachay kaa bha-o paavai.

ਗੁਰਮੁਖਿ ਬਾਣੀ ਅਘੜੁ ਘੜਾਵੈ ॥ (੯੪੧-੪, ਰਾਮਕਲੀ, ਮਃ ੧)
gurmukh banee agharh gharhaavai.

ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ॥ (੯੪੧-੫, ਰਾਮਕਲੀ, ਮਃ ੧)
gurmukh nirmal har gun gaavai.

ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ ॥ (੯੪੧-੫, ਰਾਮਕਲੀ, ਮਃ ੧)
gurmukh pavitar param pad paavai.

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ (੯੪੧-੫, ਰਾਮਕਲੀ, ਮਃ ੧)
gurmukh rom rom har Dhi-aavai.

ਨਾਨਕ ਗੁਰਮੁਖਿ ਸਾਚਿ ਸਮਾਵੈ ॥੨੭॥ (੯੪੧-੬, ਰਾਮਕਲੀ, ਮਃ ੧)
naanak gurmukh saach samaavai. ||27||

ਗੁਰਮੁਖਿ ਪਰਚੈ ਬੇਦ ਬੀਚਾਰੀ ॥ (੯੪੧-੬, ਰਾਮਕਲੀ, ਮਃ ੧)
gurmukh parchai bayd beechaaree.

ਗੁਰਮੁਖਿ ਪਰਚੈ ਤਰੀਐ ਤਾਰੀ ॥ (੯੪੧-੬, ਰਾਮਕਲੀ, ਮਃ ੧)
gurmukh parchai taree-ai taaree.

ਗੁਰਮੁਖਿ ਪਰਚੈ ਸੁ ਸਬਦਿ ਗਿਆਨੀ ॥ (੯੪੧-੭, ਰਾਮਕਲੀ, ਮਃ ੧)
gurmukh parchai so sabad gi-aanee.

ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ ॥ (੯੪੧-੭, ਰਾਮਕਲੀ, ਮਃ ੧)
gurmukh parchai antar biDh jaanee.

ਗੁਰਮੁਖਿ ਪਾਈਐ ਅਲਖ ਅਪਾਰੁ ॥ (੯੪੧-੭, ਰਾਮਕਲੀ, ਮਃ ੧)
gurmukh paa-ee-ai alakh apaar.

ਨਾਨਕ ਗੁਰਮੁਖਿ ਮੁਕਤਿ ਦੁਆਰੁ ॥੨੮॥ (੯੪੧-੮, ਰਾਮਕਲੀ, ਮਃ ੧)
naanak gurmukh mukat du-aar. ||28||

ਗੁਰਮੁਖਿ ਅਕਥੁ ਕਥੈ ਬੀਚਾਰਿ ॥ (੯੪੧-੮, ਰਾਮਕਲੀ, ਮਃ ੧)
gurmukh akath kathai beechaar.

ਗੁਰਮੁਖਿ ਨਿਬਹੈ ਸਪਰਵਾਰਿ ॥ (੯੪੧-੮, ਰਾਮਕਲੀ, ਮਃ ੧)
gurmukh nibhai saparvaar.

ਗੁਰਮੁਖਿ ਜਪੀਐ ਅੰਤਰਿ ਪਿਆਰਿ ॥ (੯੪੧-੯, ਰਾਮਕਲੀ, ਮਃ ੧)
gurmukh japee-ai antar pi-aar.

ਗੁਰਮੁਖਿ ਪਾਈਐ ਸਬਦਿ ਅਚਾਰਿ ॥ (੯੪੧-੯, ਰਾਮਕਲੀ, ਮਃ ੧)
gurmukh paa-ee-ai sabad achaar.

ਸਬਦਿ ਭੇਦਿ ਜਾਣੈ ਜਾਣਾਈ ॥ (੯੪੧-੯, ਰਾਮਕਲੀ, ਮਃ ੧)
sabad bhayd jaanai jaanaa-ee.

ਨਾਨਕ ਹਉਮੈ ਜਾਲਿ ਸਮਾਈ ॥੨੯॥ (੯੪੧-੧੦, ਰਾਮਕਲੀ, ਮਃ ੧)
naanak ha-umai jaal samaa-ee. ||29||

ਗੁਰਮੁਖਿ ਧਰਤੀ ਸਾਚੈ ਸਾਜੀ ॥ (੯੪੧-੧੦, ਰਾਮਕਲੀ, ਮਃ ੧)
gurmukh Dhartee saachai saajee.

ਤਿਸ ਮਹਿ ਓਪਤਿ ਖਪਤਿ ਸੁ ਬਾਜੀ ॥ (੯੪੧-੧੦, ਰਾਮਕਲੀ, ਮਃ ੧)
tis meh opat khapat so baajee.

ਗੁਰ ਕੈ ਸਬਦਿ ਰਪੈ ਰੰਗੁ ਲਾਇ ॥ (੯੪੧-੧੧, ਰਾਮਕਲੀ, ਮਃ ੧)
gur kai sabad rapai rang laa-ay.

ਸਾਚਿ ਰਤਉ ਪਤਿ ਸਿਉ ਘਰਿ ਜਾਇ ॥ (੯੪੧-੧੧, ਰਾਮਕਲੀ, ਮਃ ੧)
saach rata-o pat si-o ghar jaa-ay.

ਸਾਚ ਸਬਦ ਬਿਨੁ ਪਤਿ ਨਹੀ ਪਾਵੈ ॥ (੯੪੧-੧੧, ਰਾਮਕਲੀ, ਮਃ ੧)
saach sabad bin pat nahee paavai.

ਨਾਨਕ ਬਿਨੁ ਨਾਵੈ ਕਿਉ ਸਾਚਿ ਸਮਾਵੈ ॥੩੦॥ (੯੪੧-੧੨, ਰਾਮਕਲੀ, ਮਃ ੧)
naanak bin naavai ki-o saach samaavai. ||30||

ਗੁਰਮੁਖਿ ਅਸਟ ਸਿਧੀ ਸਭਿ ਬੁਧੀ ॥ (੯੪੧-੧੨, ਰਾਮਕਲੀ, ਮਃ ੧)
gurmukh asat siDhee sabh buDhee.

ਗੁਰਮੁਖਿ ਭਵਜਲੁ ਤਰੀਐ ਸਚ ਸੁਧੀ ॥ (੯੪੧-੧੨, ਰਾਮਕਲੀ, ਮਃ ੧)
gurmukh bhavjal taree-ai sach suDhee.

ਗੁਰਮੁਖਿ ਸਰ ਅਪਸਰ ਬਿਧਿ ਜਾਣੈ ॥ (੯੪੧-੧੩, ਰਾਮਕਲੀ, ਮਃ ੧)
gurmukh sar apsar biDh jaanai.

ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ॥ (੯੪੧-੧੩, ਰਾਮਕਲੀ, ਮਃ ੧)
gurmukh parvirat narvirat pachhaanai.

ਗੁਰਮੁਖਿ ਤਾਰੇ ਪਾਰਿ ਉਤਾਰੇ ॥ (੯੪੧-੧੪, ਰਾਮਕਲੀ, ਮਃ ੧)
gurmukh taaray paar utaaray.

ਨਾਨਕ ਗੁਰਮੁਖਿ ਸਬਦਿ ਨਿਸਤਾਰੇ ॥੩੧॥ (੯੪੧-੧੪, ਰਾਮਕਲੀ, ਮਃ ੧)
naanak gurmukh sabad nistaaray. ||31||

ਨਾਮੇ ਰਾਤੇ ਹਉਮੈ ਜਾਇ ॥ (੯੪੧-੧੪, ਰਾਮਕਲੀ, ਮਃ ੧)
naamay raatay ha-umai jaa-ay.

ਨਾਮਿ ਰਤੇ ਸਚਿ ਰਹੇ ਸਮਾਇ ॥ (੯੪੧-੧੫, ਰਾਮਕਲੀ, ਮਃ ੧)
naam ratay sach rahay samaa-ay.

ਨਾਮਿ ਰਤੇ ਜੋਗ ਜੁਗਤਿ ਬੀਚਾਰੁ ॥ (੯੪੧-੧੫, ਰਾਮਕਲੀ, ਮਃ ੧)
naam ratay jog jugat beechaar.

ਨਾਮਿ ਰਤੇ ਪਾਵਹਿ ਮੋਖ ਦੁਆਰੁ ॥ (੯੪੧-੧੫, ਰਾਮਕਲੀ, ਮਃ ੧)
naam ratay paavahi mokh du-aar.

ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ॥ (੯੪੧-੧੫, ਰਾਮਕਲੀ, ਮਃ ੧)
naam ratay taribhavan sojhee ho-ay.

ਨਾਨਕ ਨਾਮਿ ਰਤੇ ਸਦਾ ਸੁਖੁ ਹੋਇ ॥੩੨॥ (੯੪੧-੧੬, ਰਾਮਕਲੀ, ਮਃ ੧)
naanak naam ratay sadaa sukh ho-ay. ||32||

ਨਾਮਿ ਰਤੇ ਸਿਧ ਗੋਸਟਿ ਹੋਇ ॥ (੯੪੧-੧੬, ਰਾਮਕਲੀ, ਮਃ ੧)
naam ratay siDh gosat ho-ay.

ਨਾਮਿ ਰਤੇ ਸਦਾ ਤਪੁ ਹੋਇ ॥ (੯੪੧-੧੭, ਰਾਮਕਲੀ, ਮਃ ੧)
naam ratay sadaa tap ho-ay.

ਨਾਮਿ ਰਤੇ ਸਚੁ ਕਰਣੀ ਸਾਰੁ ॥ (੯੪੧-੧੭, ਰਾਮਕਲੀ, ਮਃ ੧)
naam ratay sach karnee saar.

ਨਾਮਿ ਰਤੇ ਗੁਣ ਗਿਆਨ ਬੀਚਾਰੁ ॥ (੯੪੧-੧੭, ਰਾਮਕਲੀ, ਮਃ ੧)
naam ratay gun gi-aan beechaar.

ਬਿਨੁ ਨਾਵੈ ਬੋਲੈ ਸਭੁ ਵੇਕਾਰੁ ॥ (੯੪੧-੧੭, ਰਾਮਕਲੀ, ਮਃ ੧)
bin naavai bolai sabh vaykaar.

ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥੩੩॥ (੯੪੧-੧੮, ਰਾਮਕਲੀ, ਮਃ ੧)
naanak naam ratay tin ka-o jaikaar. ||33||

ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥ (੯੪੧-੧੮, ਰਾਮਕਲੀ, ਮਃ ੧)
pooray gur tay naam paa-i-aa jaa-ay.

ਜੋਗ ਜੁਗਤਿ ਸਚਿ ਰਹੈ ਸਮਾਇ ॥ (੯੪੧-੧੯, ਰਾਮਕਲੀ, ਮਃ ੧)
jog jugat sach rahai samaa-ay.

ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥ (੯੪੧-੧੯, ਰਾਮਕਲੀ, ਮਃ ੧)
baarah meh jogee bharmaa-ay sani-aasee chhi-a chaar.

ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥ (੯੪੧-੧੯, ਰਾਮਕਲੀ, ਮਃ ੧)
gur kai sabad jo mar jeevai so paa-ay mokh du-aar.

ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ ॥ (੯੪੨-੧, ਰਾਮਕਲੀ, ਮਃ ੧)
bin sabdai sabh doojai laagay daykhhu ridai beechaar.

ਨਾਨਕ ਵਡੇ ਸੇ ਵਡਭਾਗੀ ਜਿਨੀ ਸਚੁ ਰਖਿਆ ਉਰ ਧਾਰਿ ॥੩੪॥ (੯੪੨-੧, ਰਾਮਕਲੀ, ਮਃ ੧)
naanak vaday say vadbhaagee jinee sach rakhi-aa ur Dhaar. ||34||

ਗੁਰਮੁਖਿ ਰਤਨੁ ਲਹੈ ਲਿਵ ਲਾਇ ॥ (੯੪੨-੨, ਰਾਮਕਲੀ, ਮਃ ੧)
gurmukh ratan lahai liv laa-ay.

ਗੁਰਮੁਖਿ ਪਰਖੈ ਰਤਨੁ ਸੁਭਾਇ ॥ (੯੪੨-੨, ਰਾਮਕਲੀ, ਮਃ ੧)
gurmukh parkhai ratan subhaa-ay.

ਗੁਰਮੁਖਿ ਸਾਚੀ ਕਾਰ ਕਮਾਇ ॥ (੯੪੨-੩, ਰਾਮਕਲੀ, ਮਃ ੧)
gurmukh saachee kaar kamaa-ay.

ਗੁਰਮੁਖਿ ਸਾਚੇ ਮਨੁ ਪਤੀਆਇ ॥ (੯੪੨-੩, ਰਾਮਕਲੀ, ਮਃ ੧)
gurmukh saachay man patee-aa-ay.

ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ ॥ (੯੪੨-੩, ਰਾਮਕਲੀ, ਮਃ ੧)
gurmukh alakh lakhaa-ay tis bhaavai.

ਨਾਨਕ ਗੁਰਮੁਖਿ ਚੋਟ ਨ ਖਾਵੈ ॥੩੫॥ (੯੪੨-੪, ਰਾਮਕਲੀ, ਮਃ ੧)
naanak gurmukh chot na khaavai. ||35||

ਗੁਰਮੁਖਿ ਨਾਮੁ ਦਾਨੁ ਇਸਨਾਨੁ ॥ (੯੪੨-੪, ਰਾਮਕਲੀ, ਮਃ ੧)
gurmukh naam daan isnaan.

ਗੁਰਮੁਖਿ ਲਾਗੈ ਸਹਜਿ ਧਿਆਨੁ ॥ (੯੪੨-੪, ਰਾਮਕਲੀ, ਮਃ ੧)
gurmukh laagai sahj Dhi-aan.

ਗੁਰਮੁਖਿ ਪਾਵੈ ਦਰਗਹ ਮਾਨੁ ॥ (੯੪੨-੫, ਰਾਮਕਲੀ, ਮਃ ੧)
gurmukh paavai dargeh maan.

ਗੁਰਮੁਖਿ ਭਉ ਭੰਜਨੁ ਪਰਧਾਨੁ ॥ (੯੪੨-੫, ਰਾਮਕਲੀ, ਮਃ ੧)
gurmukh bha-o bhanjan parDhaan.

ਗੁਰਮੁਖਿ ਕਰਣੀ ਕਾਰ ਕਰਾਏ ॥ (੯੪੨-੫, ਰਾਮਕਲੀ, ਮਃ ੧)
gurmukh karnee kaar karaa-ay.

ਨਾਨਕ ਗੁਰਮੁਖਿ ਮੇਲਿ ਮਿਲਾਏ ॥੩੬॥ (੯੪੨-੬, ਰਾਮਕਲੀ, ਮਃ ੧)
naanak gurmukh mayl milaa-ay. ||36||

ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ ॥ (੯੪੨-੬, ਰਾਮਕਲੀ, ਮਃ ੧)
gurmukh saastar simrit bayd.

ਗੁਰਮੁਖਿ ਪਾਵੈ ਘਟਿ ਘਟਿ ਭੇਦ ॥ (੯੪੨-੬, ਰਾਮਕਲੀ, ਮਃ ੧)
gurmukh paavai ghat ghat bhayd.

ਗੁਰਮੁਖਿ ਵੈਰ ਵਿਰੋਧ ਗਵਾਵੈ ॥ (੯੪੨-੭, ਰਾਮਕਲੀ, ਮਃ ੧)
gurmukh vair viroDh gavaavai.

ਗੁਰਮੁਖਿ ਸਗਲੀ ਗਣਤ ਮਿਟਾਵੈ ॥ (੯੪੨-੭, ਰਾਮਕਲੀ, ਮਃ ੧)
gurmukh saglee ganat mitaavai.

ਗੁਰਮੁਖਿ ਰਾਮ ਨਾਮ ਰੰਗਿ ਰਾਤਾ ॥ (੯੪੨-੭, ਰਾਮਕਲੀ, ਮਃ ੧)
gurmukh raam naam rang raataa.

ਨਾਨਕ ਗੁਰਮੁਖਿ ਖਸਮੁ ਪਛਾਤਾ ॥੩੭॥ (੯੪੨-੮, ਰਾਮਕਲੀ, ਮਃ ੧)
naanak gurmukh khasam pachhaataa. ||37||

ਬਿਨੁ ਗੁਰ ਭਰਮੈ ਆਵੈ ਜਾਇ ॥ (੯੪੨-੮, ਰਾਮਕਲੀ, ਮਃ ੧)
bin gur bharmai aavai jaa-ay.

ਬਿਨੁ ਗੁਰ ਘਾਲ ਨ ਪਵਈ ਥਾਇ ॥ (੯੪੨-੮, ਰਾਮਕਲੀ, ਮਃ ੧)
bin gur ghaal na pav-ee thaa-ay.

ਬਿਨੁ ਗੁਰ ਮਨੂਆ ਅਤਿ ਡੋਲਾਇ ॥ (੯੪੨-੯, ਰਾਮਕਲੀ, ਮਃ ੧)
bin gur manoo-aa at dolaa-ay.

ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ ॥ (੯੪੨-੯, ਰਾਮਕਲੀ, ਮਃ ੧)
bin gur taripat nahee bikh khaa-ay.

ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ ॥ (੯੪੨-੯, ਰਾਮਕਲੀ, ਮਃ ੧)
bin gur bisee-ar dasai mar vaat.

ਨਾਨਕ ਗੁਰ ਬਿਨੁ ਘਾਟੇ ਘਾਟ ॥੩੮॥ (੯੪੨-੧੦, ਰਾਮਕਲੀ, ਮਃ ੧)
naanak gur bin ghaatay ghaat. ||38||

ਜਿਸੁ ਗੁਰੁ ਮਿਲੈ ਤਿਸੁ ਪਾਰਿ ਉਤਾਰੈ ॥ (੯੪੨-੧੦, ਰਾਮਕਲੀ, ਮਃ ੧)
jis gur milai tis paar utaarai.

ਅਵਗਣ ਮੇਟੈ ਗੁਣਿ ਨਿਸਤਾਰੈ ॥ (੯੪੨-੧੦, ਰਾਮਕਲੀ, ਮਃ ੧)
avgan maytai gun nistaarai.

ਮੁਕਤਿ ਮਹਾ ਸੁਖ ਗੁਰ ਸਬਦੁ ਬੀਚਾਰਿ ॥ (੯੪੨-੧੧, ਰਾਮਕਲੀ, ਮਃ ੧)
mukat mahaa sukh gur sabad beechaar.

ਗੁਰਮੁਖਿ ਕਦੇ ਨ ਆਵੈ ਹਾਰਿ ॥ (੯੪੨-੧੧, ਰਾਮਕਲੀ, ਮਃ ੧)
gurmukh kaday na aavai haar.

ਤਨੁ ਹਟੜੀ ਇਹੁ ਮਨੁ ਵਣਜਾਰਾ ॥ (੯੪੨-੧੧, ਰਾਮਕਲੀ, ਮਃ ੧)
tan hatrhee ih man vanjaaraa.

ਨਾਨਕ ਸਹਜੇ ਸਚੁ ਵਾਪਾਰਾ ॥੩੯॥ (੯੪੨-੧੨, ਰਾਮਕਲੀ, ਮਃ ੧)
naanak sehjay sach vaapaaraa. ||39||

ਗੁਰਮੁਖਿ ਬਾਂਧਿਓ ਸੇਤੁ ਬਿਧਾਤੈ ॥ (੯੪੨-੧੨, ਰਾਮਕਲੀ, ਮਃ ੧)
gurmukh baa$^N$Dhi-o sayt biDhaatai.

ਲੰਕਾ ਲੂਟੀ ਦੈਤ ਸੰਤਾਪੈ ॥ (੯੪੨-੧੨, ਰਾਮਕਲੀ, ਮਃ ੧)
lankaa lootee dait santaapai.

ਰਾਮਚੰਦਿ ਮਾਰਿਓ ਅਹਿ ਰਾਵਣੁ ॥ (੯੪੨-੧੩, ਰਾਮਕਲੀ, ਮਃ ੧)
raamchand maari-o ah raavan.

ਭੇਦੁ ਬਭੀਖਣ ਗੁਰਮੁਖਿ ਪਰਚਾਇਣੁ ॥ (੯੪੨-੧੩, ਰਾਮਕਲੀ, ਮਃ ੧)
bhayd babheekhan gurmukh parchaa-in.

ਗੁਰਮੁਖਿ ਸਾਇਰਿ ਪਾਹਣ ਤਾਰੇ ॥ (੯੪੨-੧੩, ਰਾਮਕਲੀ, ਮਃ ੧)
gurmukh saa-ir paahan taaray.

ਗੁਰਮੁਖਿ ਕੋਟਿ ਤੇਤੀਸ ਉਧਾਰੇ ॥੪੦॥ (੯੪੨-੧੪, ਰਾਮਕਲੀ, ਮਃ ੧)
gurmukh kot taytees uDhaaray. ||40||

ਗੁਰਮੁਖਿ ਚੂਕੈ ਆਵਣ ਜਾਣੁ ॥ (੯੪੨-੧੪, ਰਾਮਕਲੀ, ਮਃ ੧)
gurmukh chookai aavan jaan.

ਗੁਰਮੁਖਿ ਦਰਗਹ ਪਾਵੈ ਮਾਣੁ ॥ (੯੪੨-੧੪, ਰਾਮਕਲੀ, ਮਃ ੧)
gurmukh dargeh paavai maan.

ਗੁਰਮੁਖਿ ਖੋਟੇ ਖਰੇ ਪਛਾਣੁ ॥ (੯੪੨-੧੪, ਰਾਮਕਲੀ, ਮਃ ੧)
gurmukh khotay kharay pachhaan.

ਗੁਰਮੁਖਿ ਲਾਗੈ ਸਹਜਿ ਧਿਆਨੁ ॥ (੯੪੨-੧੫, ਰਾਮਕਲੀ, ਮਃ ੧)
gurmukh laagai sahj Dhi-aan.

ਗੁਰਮੁਖਿ ਦਰਗਹ ਸਿਫਤਿ ਸਮਾਇ ॥ (੯੪੨-੧੫, ਰਾਮਕਲੀ, ਮਃ ੧)
gurmukh dargeh sifat samaa-ay.

ਨਾਨਕ ਗੁਰਮੁਖਿ ਬੰਧੁ ਨ ਪਾਇ ॥੪੧॥ (੯੪੨-੧੫, ਰਾਮਕਲੀ, ਮਃ ੧)
naanak gurmukh banDh na paa-ay. ||41||

ਗੁਰਮੁਖਿ ਨਾਮੁ ਨਿਰੰਜਨ ਪਾਏ ॥ (੯੪੨-੧੬, ਰਾਮਕਲੀ, ਮਃ ੧)
gurmukh naam niranjan paa-ay.

ਗੁਰਮੁਖਿ ਹਉਮੈ ਸਬਦਿ ਜਲਾਏ ॥ (੯੪੨-੧੬, ਰਾਮਕਲੀ, ਮਃ ੧)
gurmukh ha-umai sabad jalaa-ay.

ਗੁਰਮੁਖਿ ਸਾਚੇ ਕੇ ਗੁਣ ਗਾਏ ॥ (੯੪੨-੧੬, ਰਾਮਕਲੀ, ਮਃ ੧)
gurmukh saachay kay gun gaa-ay.

ਗੁਰਮੁਖਿ ਸਾਚੈ ਰਹੈ ਸਮਾਏ ॥ (੯੪੨-੧੭, ਰਾਮਕਲੀ, ਮਃ ੧)
gurmukh saachai rahai samaa-ay.

ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ ॥ (੯੪੨-੧੭, ਰਾਮਕਲੀ, ਮਃ ੧)
gurmukh saach naam pat ootam ho-ay.

ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ ॥੪੨॥ (੯੪੨-੧੭, ਰਾਮਕਲੀ, ਮਃ ੧)
naanak gurmukh sagal bhavan kee sojhee ho-ay. ||42||

ਕਵਣ ਮੂਲੁ ਕਵਣ ਮਤਿ ਵੇਲਾ ॥ (੯੪੨-੧੮, ਰਾਮਕਲੀ, ਮਃ ੧)
kavan mool kavan mat vaylaa.

ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥ (੯੪੨-੧੮, ਰਾਮਕਲੀ, ਮਃ ੧)
tayraa kavan guroo jis kaa too chaylaa.

ਕਵਣ ਕਥਾ ਲੇ ਰਹਹੁ ਨਿਰਾਲੇ ॥ (੯੪੨-੧੯, ਰਾਮਕਲੀ, ਮਃ ੧)
kavan kathaa lay rahhu niraalay.

ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥ (੯੪੨-੧੯, ਰਾਮਕਲੀ, ਮਃ ੧)
bolai naanak sunhu tum baalay.

ਏਸੁ ਕਥਾ ਕਾ ਦੇਇ ਬੀਚਾਰੁ ॥ (੯੪੨-੧੯, ਰਾਮਕਲੀ, ਮਃ ੧)
ays kathaa kaa day-ay beechaar.

ਭਵਜਲੁ ਸਬਦਿ ਲੰਘਾਵਣਹਾਰੁ ॥੪੩॥ (੯੪੨-੧੯, ਰਾਮਕਲੀ, ਮਃ ੧)
bhavjal sabad langhaavanhaar. ||43||

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ (੯੪੩-੧, ਰਾਮਕਲੀ, ਮਃ ੧)
pavan arambh satgur mat vaylaa.

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ (੯੪੩-੧, ਰਾਮਕਲੀ, ਮਃ ੧)
sabad guroo surat Dhun chaylaa.

ਅਕਥ ਕਥਾ ਲੇ ਰਹਉ ਨਿਰਾਲਾ ॥ (੯੪੩-੧, ਰਾਮਕਲੀ, ਮਃ ੧)
akath kathaa lay raha-o niraalaa.

ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥ (੯੪੩-੨, ਰਾਮਕਲੀ, ਮਃ ੧)
naanak jug jug gur gopaalaa.

ਏਕੁ ਸਬਦੁ ਜਿਤੁ ਕਥਾ ਵੀਚਾਰੀ ॥ (੯੪੩-੨, ਰਾਮਕਲੀ, ਮਃ ੧)
ayk sabad jit kathaa veechaaree.

ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥ (੯੪੩-੨, ਰਾਮਕਲੀ, ਮਃ ੧)
gurmukh ha-umai agan nivaaree. ||44||

ਮੈਣ ਕੇ ਦੰਤ ਕਿਉ ਖਾਈਐ ਸਾਰੁ ॥ (੯੪੩-੩, ਰਾਮਕਲੀ, ਮਃ ੧)
main kay dant ki-o khaa-ee-ai saar.

ਜਿਤੁ ਗਰਬੁ ਜਾਇ ਸੁ ਕਵਣੁ ਆਹਾਰੁ ॥ (੯੪੩-੩, ਰਾਮਕਲੀ, ਮਃ ੧)
jit garab jaa-ay so kavan aahaar.

ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ ॥ (੯੪੩-੪, ਰਾਮਕਲੀ, ਮਃ ੧)
hivai kaa ghar mandar agan piraahan.

ਕਵਨ ਗੁਫਾ ਜਿਤੁ ਰਹੈ ਅਵਾਹਨੁ ॥ (੯੪੩-੪, ਰਾਮਕਲੀ, ਮਃ ੧)
kavan gufaa jit rahai avaahan.

ਇਤ ਉਤ ਕਿਸ ਕਉ ਜਾਣਿ ਸਮਾਵੈ ॥ (੯੪੩-੪, ਰਾਮਕਲੀ, ਮਃ ੧)
it ut kis ka-o jaan samaavai.

ਕਵਨ ਧਿਆਨੁ ਮਨੁ ਮਨਹਿ ਸਮਾਵੈ ॥੪੫॥ (੯੪੩-੫, ਰਾਮਕਲੀ, ਮਃ ੧)
kavan Dhi-aan man maneh samaavai. ||45||

ਹਉ ਹਉ ਮੈ ਮੈ ਵਿਚਹੁ ਖੋਵੈ ॥ (੯੪੩-੫, ਰਾਮਕਲੀ, ਮਃ ੧)
ha-o ha-o mai mai vichahu khovai.

ਦੂਜਾ ਮੇਟੈ ਏਕੋ ਹੋਵੈ ॥ (੯੪੩-੫, ਰਾਮਕਲੀ, ਮਃ ੧)
doojaa maytai ayko hovai.

ਜਗੁ ਕਰੜਾ ਮਨਮੁਖੁ ਗਾਵਾਰੁ ॥ (੯੪੩-੬, ਰਾਮਕਲੀ, ਮਃ ੧)
jag karrhaa manmukh gaavaar.

ਸਬਦੁ ਕਮਾਈਐ ਖਾਈਐ ਸਾਰੁ ॥ (੯੪੩-੬, ਰਾਮਕਲੀ, ਮਃ ੧)
sabad kamaa-ee-ai khaa-ee-ai saar.

ਅੰਤਰਿ ਬਾਹਰਿ ਏਕੋ ਜਾਣੈ ॥ (੯੪੩-੬, ਰਾਮਕਲੀ, ਮਃ ੧)
antar baahar ayko jaanai.

ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ ॥੪੬॥ (੯੪੩-੬, ਰਾਮਕਲੀ, ਮਃ ੧)
naanak agan marai satgur kai bhaanai. ||46||

ਸਚ ਭੈ ਰਾਤਾ ਗਰਬੁ ਨਿਵਾਰੈ ॥ (੯੪੩-੭, ਰਾਮਕਲੀ, ਮਃ ੧)
sach bhai raataa garab nivaarai.

ਏਕੋ ਜਾਤਾ ਸਬਦੁ ਵੀਚਾਰੈ ॥ (੯੪੩-੭, ਰਾਮਕਲੀ, ਮਃ ੧)
ayko jaataa sabad veechaarai.

ਸਬਦੁ ਵਸੈ ਸਚੁ ਅੰਤਰਿ ਹੀਆ ॥ (੯੪੩-੭, ਰਾਮਕਲੀ, ਮਃ ੧)
sabad vasai sach antar hee-aa.

ਤਨੁ ਮਨੁ ਸੀਤਲੁ ਰੰਗਿ ਰੰਗੀਆ ॥ (੯੪੩-੮, ਰਾਮਕਲੀ, ਮਃ ੧)
tan man seetal rang rangee-aa.

ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ॥ (੯੪੩-੮, ਰਾਮਕਲੀ, ਮਃ ੧)
kaam kroDh bikh agan nivaaray.

ਨਾਨਕ ਨਦਰੀ ਨਦਰਿ ਪਿਆਰੇ ॥੪੭॥ (੯੪੩-੮, ਰਾਮਕਲੀ, ਮਃ ੧)
naanak nadree nadar pi-aaray. ||47||

ਕਵਨ ਮੁਖਿ ਚੰਦੁ ਹਿਵੈ ਘਰੁ ਛਾਇਆ ॥ (੯੪੩-੯, ਰਾਮਕਲੀ, ਮਃ ੧)
kavan mukh chand hivai ghar chhaa-i-aa.

ਕਵਨ ਮੁਖਿ ਸੂਰਜੁ ਤਪੈ ਤਪਾਇਆ ॥ (੯੪੩-੯, ਰਾਮਕਲੀ, ਮਃ ੧)
kavan mukh sooraj tapai tapaa-i-aa.

ਕਵਨ ਮੁਖਿ ਕਾਲੁ ਜੋਹਤ ਨਿਤ ਰਹੈ ॥ (੯੪੩-੯, ਰਾਮਕਲੀ, ਮਃ ੧)
kavan mukh kaal johat nit rahai.

ਕਵਨ ਬੁਧਿ ਗੁਰਮੁਖਿ ਪਤਿ ਰਹੈ ॥ (੯੪੩-੧੦, ਰਾਮਕਲੀ, ਮਃ ੧)
kavan buDh gurmukh pat rahai.

ਕਵਨੁ ਜੋਧੁ ਜੋ ਕਾਲੁ ਸੰਘਾਰੈ ॥ (੯੪੩-੧੦, ਰਾਮਕਲੀ, ਮਃ ੧)
kavan joDh jo kaal sanghaarai.

ਬੋਲੈ ਬਾਣੀ ਨਾਨਕੁ ਬੀਚਾਰੈ ॥੪੮॥ (੯੪੩-੧੦, ਰਾਮਕਲੀ, ਮਃ ੧)
bolai banee naanak beechaarai. ||48||

ਸਬਦੁ ਭਾਖਤ ਸਸਿ ਜੋਤਿ ਅਪਾਰਾ ॥ (੯੪੩-੧੧, ਰਾਮਕਲੀ, ਮਃ ੧)
sabad bhaakhat sas jot apaaraa.

ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥ (੯੪੩-੧੧, ਰਾਮਕਲੀ, ਮਃ ੧)
sas ghar soor vasai mitai anDhi-aaraa.

ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ ॥ (੯੪੩-੧੧, ਰਾਮਕਲੀ, ਮਃ ੧)
sukh dukh sam kar naam aDhaaraa.

ਆਪੇ ਪਾਰਿ ਉਤਾਰਣਹਾਰਾ ॥ (੯੪੩-੧੨, ਰਾਮਕਲੀ, ਮਃ ੧)
aapay paar utaaranhaaraa.

ਗੁਰ ਪਰਚੈ ਮਨੁ ਸਾਚਿ ਸਮਾਇ ॥ (੯੪੩-੧੨, ਰਾਮਕਲੀ, ਮਃ ੧)
gur parchai man saach samaa-ay.

ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥੪੯॥ (੯੪੩-੧੨, ਰਾਮਕਲੀ, ਮਃ ੧)
paranvat naanak kaal na khaa-ay. ||49||

ਨਾਮ ਤਤੁ ਸਭ ਹੀ ਸਿਰਿ ਜਾਪੈ ॥ (੯੪੩-੧੩, ਰਾਮਕਲੀ, ਮਃ ੧)
naam tat sabh hee sir jaapai.

ਬਿਨੁ ਨਾਵੈ ਦੁਖੁ ਕਾਲੁ ਸੰਤਾਪੈ ॥ (੯੪੩-੧੩, ਰਾਮਕਲੀ, ਮਃ ੧)
bin naavai dukh kaal santaapai.

ਤਤੋ ਤਤੁ ਮਿਲੈ ਮਨੁ ਮਾਨੈ ॥ (੯੪੩-੧੩, ਰਾਮਕਲੀ, ਮਃ ੧)
tato tat milai man maanai.

ਦੂਜਾ ਜਾਇ ਇਕਤੁ ਘਰਿ ਆਨੈ ॥ (੯੪੩-੧੪, ਰਾਮਕਲੀ, ਮਃ ੧)
doojaa jaa-ay ikat ghar aanai.

ਬੋਲੈ ਪਵਨਾ ਗਗਨੁ ਗਰਜੈ ॥ (੯੪੩-੧੪, ਰਾਮਕਲੀ, ਮਃ ੧)
bolai pavnaa gagan garjai.

ਨਾਨਕ ਨਿਹਚਲੁ ਮਿਲਣੁ ਸਹਜੈ ॥੫੦॥ (੯੪੩-੧੪, ਰਾਮਕਲੀ, ਮਃ ੧)
naanak nihchal milan sahjai. ||50||

ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥ (੯੪੩-੧੫, ਰਾਮਕਲੀ, ਮਃ ੧)
antar suna$^N$ baahar suna$^N$ taribhavan sunn masu$^N$na$^N$.

ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥ (੯੪੩-੧੫, ਰਾਮਕਲੀ, ਮਃ ੧)
cha-uthay sunnai jo nar jaanai taa ka-o paap na pu$^N$na$^N$.

ਘਟਿ ਘਟਿ ਸੁੰਨ ਕਾ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥ (੯੪੩-੧੬, ਰਾਮਕਲੀ, ਮਃ ੧)
ghat ghat sunn kaa jaanai bhay-o. aad purakh niranjan day-o.

ਜੋ ਜਨੁ ਨਾਮ ਨਿਰੰਜਨ ਰਾਤਾ ॥ (੯੪੩-੧੬, ਰਾਮਕਲੀ, ਮਃ ੧)
jo jan naam niranjan raataa.

ਨਾਨਕ ਸੋਈ ਪੁਰਖੁ ਬਿਧਾਤਾ ॥੫੧॥ (੯੪੩-੧੬, ਰਾਮਕਲੀ, ਮਃ ੧)
naanak so-ee purakh biDhaataa. ||51||

**ਸੁੰਨੋ ਸੁੰਨੁ ਕਹੈ ਸਭੁ ਕੋਈ ॥** (੯੪੩-੧੭, ਰਾਮਕਲੀ, ਮਃ ੧)
sunno sunn kahai sabh ko-ee.

**ਅਨਹਤ ਸੁੰਨੁ ਕਹਾ ਤੇ ਹੋਈ ॥** (੯੪੩-੧੭, ਰਾਮਕਲੀ, ਮਃ ੧)
anhat sunn kahaa tay ho-ee.

**ਅਨਹਤ ਸੁੰਨਿ ਰਤੇ ਸੇ ਕੈਸੇ ॥** (੯੪੩-੧੭, ਰਾਮਕਲੀ, ਮਃ ੧)
anhat sunn ratay say kaisay.

**ਜਿਸ ਤੇ ਉਪਜੇ ਤਿਸ ਹੀ ਜੈਸੇ ॥** (੯੪੩-੧੮, ਰਾਮਕਲੀ, ਮਃ ੧)
jis tay upjay tis hee jaisay.

**ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥** (੯੪੩-੧੮, ਰਾਮਕਲੀ, ਮਃ ੧)
o-ay janam na mareh na aavahi jaahi.

**ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥** (੯੪੩-੧੮, ਰਾਮਕਲੀ, ਮਃ ੧)
naanak gurmukh man samjhaahi. ||52||

**ਨਉ ਸਰ ਸੁਭਰ ਦਸਵੈ ਪੂਰੇ ॥** (੯੪੩-੧੯, ਰਾਮਕਲੀ, ਮਃ ੧)
na-o sar subhar dasvai pooray.

**ਤਹ ਅਨਹਤ ਸੁੰਨ ਵਜਾਵਹਿ ਤੂਰੇ ॥** (੯੪੩-੧੯, ਰਾਮਕਲੀ, ਮਃ ੧)
tah anhat sunn vajaavah tooray.

**ਸਾਚੈ ਰਾਚੇ ਦੇਖਿ ਹਜੂਰੇ ॥** (੯੪੩-੧੯, ਰਾਮਕਲੀ, ਮਃ ੧)
saachai raachay daykh hajooray.

**ਘਟਿ ਘਟਿ ਸਾਚੁ ਰਹਿਆ ਭਰਪੂਰੇ ॥** (੯੪੩-੧੯, ਰਾਮਕਲੀ, ਮਃ ੧)
ghat ghat saach rahi-aa bharpooray.

**ਗੁਪਤੀ ਬਾਣੀ ਪਰਗਟੁ ਹੋਇ ॥** (੯੪੪-੧, ਰਾਮਕਲੀ, ਮਃ ੧)
guptee banee pargat ho-ay.

**ਨਾਨਕ ਪਰਖਿ ਲਏ ਸਚੁ ਸੋਇ ॥੫੩॥** (੯੪੪-੧, ਰਾਮਕਲੀ, ਮਃ ੧)
naanak parakh la-ay sach so-ay. ||53||

**ਸਹਜ ਭਾਇ ਮਿਲੀਐ ਸੁਖੁ ਹੋਵੈ ॥** (੯੪੪-੧, ਰਾਮਕਲੀ, ਮਃ ੧)
sahj bhaa-ay milee-ai sukh hovai.

ਗੁਰਮੁਖਿ ਜਾਗੈ ਨੀਦ ਨ ਸੋਵੈ ॥ (੯੪੪-੨, ਰਾਮਕਲੀ, ਮਃ ੧)
gurmukh jaagai need na sovai.

ਸੁੰਨ ਸਬਦੁ ਅਪਰੰਪਰਿ ਧਾਰੈ ॥ (੯੪੪-੨, ਰਾਮਕਲੀ, ਮਃ ੧)
sunn sabad aprampar Dhaarai.

ਕਹਤੇ ਮੁਕਤੁ ਸਬਦਿ ਨਿਸਤਾਰੈ ॥ (੯੪੪-੨, ਰਾਮਕਲੀ, ਮਃ ੧)
kahtay mukat sabad nistaarai.

ਗੁਰ ਕੀ ਦੀਖਿਆ ਸੇ ਸਚਿ ਰਾਤੇ ॥ (੯੪੪-੩, ਰਾਮਕਲੀ, ਮਃ ੧)
gur kee deekhi-aa say sach raatay.

ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ ॥੫੪॥ (੯੪੪-੩, ਰਾਮਕਲੀ, ਮਃ ੧)
naanak aap gavaa-ay milan nahee bharaatay. ||54||

ਕੁਬੁਧਿ ਚਵਾਵੈ ਸੋ ਕਿਤੁ ਠਾਇ ॥ (੯੪੪-੩, ਰਾਮਕਲੀ, ਮਃ ੧)
kubuDh chavaavai so kit thaa-ay.

ਕਿਉ ਤਤੁ ਨ ਬੂਝੈ ਚੋਟਾ ਖਾਇ ॥ (੯੪੪-੪, ਰਾਮਕਲੀ, ਮਃ ੧)
ki-o tat na boojhai chotaa khaa-ay.

ਜਮ ਦਰਿ ਬਾਧੇ ਕੋਇ ਨ ਰਾਖੈ ॥ (੯੪੪-੪, ਰਾਮਕਲੀ, ਮਃ ੧)
jam dar baaDhay ko-ay na raakhai.

ਬਿਨੁ ਸਬਦੈ ਨਾਹੀ ਪਤਿ ਸਾਖੈ ॥ (੯੪੪-੪, ਰਾਮਕਲੀ, ਮਃ ੧)
bin sabdai naahee pat saakhai.

ਕਿਉ ਕਰਿ ਬੂਝੈ ਪਾਵੈ ਪਾਰੁ ॥ (੯੪੪-੫, ਰਾਮਕਲੀ, ਮਃ ੧)
ki-o kar boojhai paavai paar.

ਨਾਨਕ ਮਨਮੁਖਿ ਨ ਬੁਝੈ ਗਵਾਰੁ ॥੫੫॥ (੯੪੪-੫, ਰਾਮਕਲੀ, ਮਃ ੧)
naanak manmukh na bujhai gavaar. ||55||

ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥ (੯੪੪-੫, ਰਾਮਕਲੀ, ਮਃ ੧)
kubuDh mitai gur sabad beechaar.

ਸਤਿਗੁਰੁ ਭੇਟੈ ਮੋਖ ਦੁਆਰ ॥ (੯੪੪-੬, ਰਾਮਕਲੀ, ਮਃ ੧)
satgur bhaytai mokh du-aar.

ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥ (੯੪੪-੬, ਰਾਮਕਲੀ, ਮਃ ੧)
tat na cheenai manmukh jal jaa-ay.

ਦੁਰਮਤਿ ਵਿਛੁੜਿ ਚੋਟਾ ਖਾਇ ॥ (੯੪੪-੬, ਰਾਮਕਲੀ, ਮਃ ੧)
durmat vichhurh chotaa khaa-ay.

ਮਾਨੈ ਹੁਕਮੁ ਸਭੇ ਗੁਣ ਗਿਆਨ ॥ (੯੪੪-੭, ਰਾਮਕਲੀ, ਮਃ ੧)
maanai hukam sabhay gun gi-aan.

ਨਾਨਕ ਦਰਗਹ ਪਾਵੈ ਮਾਨੁ ॥੫੬॥ (੯੪੪-੭, ਰਾਮਕਲੀ, ਮਃ ੧)
naanak dargeh paavai maan. ||56||

ਸਾਚੁ ਵਖਰੁ ਧਨੁ ਪਲੈ ਹੋਇ ॥ (੯੪੪-੭, ਰਾਮਕਲੀ, ਮਃ ੧)
saach vakhar Dhan palai ho-ay.

ਆਪਿ ਤਰੈ ਤਾਰੇ ਭੀ ਸੋਇ ॥ (੯੪੪-੭, ਰਾਮਕਲੀ, ਮਃ ੧)
aap tarai taaray bhee so-ay.

ਸਹਜਿ ਰਤਾ ਬੂਝੈ ਪਤਿ ਹੋਇ ॥ (੯੪੪-੮, ਰਾਮਕਲੀ, ਮਃ ੧)
sahj rataa boojhai pat ho-ay.

ਤਾ ਕੀ ਕੀਮਤਿ ਕਰੈ ਨ ਕੋਇ ॥ (੯੪੪-੮, ਰਾਮਕਲੀ, ਮਃ ੧)
taa kee keemat karai na ko-ay.

ਜਹ ਦੇਖਾ ਤਹ ਰਹਿਆ ਸਮਾਇ ॥ (੯੪੪-੮, ਰਾਮਕਲੀ, ਮਃ ੧)
jah daykhaa tah rahi-aa samaa-ay.

ਨਾਨਕ ਪਾਰਿ ਪਰੈ ਸਚ ਭਾਇ ॥੫੭॥ (੯੪੪-੯, ਰਾਮਕਲੀ, ਮਃ ੧)
naanak paar parai sach bhaa-ay. ||57||

ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ ॥ (੯੪੪-੯, ਰਾਮਕਲੀ, ਮਃ ੧)
so sabad kaa kahaa vaas kathee-alay jit taree-ai bhavjal sansaaro.

ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨੁ ਅਧਾਰੋ ॥ (੯੪੪-੧੦, ਰਾਮਕਲੀ, ਮਃ ੧)
tarai sat angul vaa-ee kahee-ai tis kaho kavan aDhaaro.

ਬੋਲੈ ਖੇਲੈ ਅਸਥਿਰੁ ਹੋਵੈ ਕਿਉ ਕਰਿ ਅਲਖੁ ਲਖਾਏ ॥ (੯੪੪-੧੦, ਰਾਮਕਲੀ, ਮਃ ੧)
bolai khaylai asthir hovai ki-o kar alakh lakhaa-ay.

ਸੁਣਿ ਸੁਆਮੀ ਸਚੁ ਨਾਨਕੁ ਪ੍ਰਣਵੈ ਅਪਣੇ ਮਨ ਸਮਝਾਏ ॥ (੯੪੪-੧੧, ਰਾਮਕਲੀ, ਮਃ ੧)
sun su-aamee sach naanak paranvai apnay man samjhaa-ay.

ਗੁਰਮੁਖਿ ਸਬਦੇ ਸਚਿ ਲਿਵ ਲਾਗੈ ਕਰਿ ਨਦਰੀ ਮੇਲਿ ਮਿਲਾਏ ॥ (੯੪੪-੧੧, ਰਾਮਕਲੀ, ਮਃ ੧)
gurmukh sabday sach liv laagai kar nadree mayl milaa-ay.

ਆਪੇ ਦਾਨਾ ਆਪੇ ਬੀਨਾ ਪੂਰੈ ਭਾਗਿ ਸਮਾਏ ॥੫੮॥ (੯੪੪-੧੨, ਰਾਮਕਲੀ, ਮਃ ੧)
aapay daanaa aapay beenaa poorai bhaag samaa-ay. ||58||

ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥ (੯੪੪-੧੨, ਰਾਮਕਲੀ, ਮਃ ੧)
so sabad ka-o nirantar vaas alkha$^{N}$ jah daykhaa tah so-ee.

ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ ॥ (੯੪੪-੧੩, ਰਾਮਕਲੀ, ਮਃ ੧)
pavan kaa vaasaa sunn nivaasaa akal kalaa Dhar so-ee.

ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ ॥ (੯੪੪-੧੩, ਰਾਮਕਲੀ, ਮਃ ੧)
nadar karay sabad ghat meh vasai vichahu bharam gavaa-ay.

ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੋੁ ਮੰਨਿ ਵਸਾਏ ॥ (੯੪੪-੧੪, ਰਾਮਕਲੀ, ਮਃ ੧)
tan man nirmal nirmal banee naamo man vasaa-ay.

ਸਬਦਿ ਗੁਰੂ ਭਵਸਾਗਰੁ ਤਰੀਐ ਇਤ ਉਤ ਏਕੋ ਜਾਣੈ ॥ (੯੪੪-੧੪, ਰਾਮਕਲੀ, ਮਃ ੧)
sabad guroo bhavsaagar taree-ai it ut ayko jaanai.

ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥੫੯॥ (੯੪੪-੧੫, ਰਾਮਕਲੀ, ਮਃ ੧)
chihan varan nahee chhaa-i-aa maa-i-aa naanak sabad pachhaanai. ||59||

ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚੁ ਆਹਾਰੋ ॥ (੯੪੪-੧੬, ਰਾਮਕਲੀ, ਮਃ ੧)
tarai sat angul vaa-ee a-oDhoo sunn sach aahaaro.

ਗੁਰਮੁਖਿ ਬੋਲੈ ਤਤੁ ਬਿਰੋਲੈ ਚੀਨੈ ਅਲਖ ਅਪਾਰੋ ॥ (੯੪੪-੧੬, ਰਾਮਕਲੀ, ਮਃ ੧)
gurmukh bolai tat birolai cheenai alakh apaaro.

ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥ (੯੪੪-੧੭, ਰਾਮਕਲੀ, ਮਃ ੧)
tarai gun maytai sabad vasaa-ay taa man chookai ahankaaro.

ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ ॥ (੯੪੪-੧੭, ਰਾਮਕਲੀ, ਮਃ ੧)
antar baahar ayko jaanai taa har naam lagai pi-aaro.

ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ ॥ (੯੪੪-੧੮, ਰਾਮਕਲੀ, ਮਃ ੧)
sukhmanaa irhaa pingulaa boojhai jaa aapay alakh lakhaa-ay.

ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥੬੦॥ (੯੪੪-੧੮, ਰਾਮਕਲੀ, ਮਃ ੧)
naanak tihu tay oopar saachaa satgur sabad samaa-ay. ||60||

ਮਨ ਕਾ ਜੀਉ ਪਵਨੁ ਕਥੀਅਲੇ ਪਵਨੁ ਕਹਾ ਰਸੁ ਖਾਈ ॥ (੯੪੪-੧੯, ਰਾਮਕਲੀ, ਮਃ ੧)
man kaa jee-o pavan kathee-alay pavan kahaa ras khaa-ee.

ਗਿਆਨ ਕੀ ਮੁਦ੍ਰਾ ਕਵਨ ਅਉਧੂ ਸਿਧ ਕੀ ਕਵਨ ਕਮਾਈ ॥ (੯੪੪-੧੯, ਰਾਮਕਲੀ, ਮਃ ੧)
gi-aan kee mudraa kavan a-oDhoo siDh kee kavan kamaa-ee.

ਬਿਨੁ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿਆਸ ਨ ਜਾਈ ॥ (੯੪੫-੧, ਰਾਮਕਲੀ, ਮਃ ੧)
bin sabdai ras na aavai a-oDhoo ha-umai pi-aas na jaa-ee.

ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ਸਾਚੇ ਰਹੇ ਅਘਾਈ ॥ (੯੪੫-੧, ਰਾਮਕਲੀ, ਮਃ ੧)
sabad ratay amrit ras paa-i-aa saachay rahay aghaa-ee.

ਕਵਨ ਬੁਧਿ ਜਿਤੁ ਅਸਥਿਰੁ ਰਹੀਐ ਕਿਤੁ ਭੋਜਨਿ ਤ੍ਰਿਪਤਾਸੈ ॥ (੯੪੫-੨, ਰਾਮਕਲੀ, ਮਃ ੧)
kavan buDh jit asthir rahee-ai kit bhojan tariptaasai.

ਨਾਨਕ ਦੁਖੁ ਸੁਖੁ ਸਮ ਕਰਿ ਜਾਪੈ ਸਤਿਗੁਰ ਤੇ ਕਾਲੁ ਨ ਗ੍ਰਾਸੈ ॥੬੧॥ (੯੪੫-੨, ਰਾਮਕਲੀ, ਮਃ ੧)
naanak dukh sukh sam kar jaapai satgur tay kaal na garaasai. ||61||

ਰੰਗਿ ਨ ਰਾਤਾ ਰਸਿ ਨਹੀ ਮਾਤਾ ॥ (੯੪੫-੩, ਰਾਮਕਲੀ, ਮਃ ੧)
rang na raataa ras nahee maataa.

ਬਿਨੁ ਗੁਰ ਸਬਦੈ ਜਲਿ ਬਲਿ ਤਾਤਾ ॥ (੯੪੫-੩, ਰਾਮਕਲੀ, ਮਃ ੧)
bin gur sabdai jal bal taataa.

ਬਿੰਦੁ ਨ ਰਾਖਿਆ ਸਬਦੁ ਨ ਭਾਖਿਆ ॥ (੯੪੫-੪, ਰਾਮਕਲੀ, ਮਃ ੧)
bind na raakhi-aa sabad na bhaakhi-aa.

ਪਵਨੁ ਨ ਸਾਧਿਆ ਸਚੁ ਨ ਅਰਾਧਿਆ ॥ (੯੪੫-੪, ਰਾਮਕਲੀ, ਮਃ ੧)
pavan na saaDhi-aa sach na araaDhi-aa.

ਅਕਥ ਕਥਾ ਲੇ ਸਮ ਕਰਿ ਰਹੈ ॥ (੯੪੫-੪, ਰਾਮਕਲੀ, ਮਃ ੧)
akath kathaa lay sam kar rahai.

ਤਉ ਨਾਨਕ ਆਤਮ ਰਾਮ ਕਉ ਲਹੈ ॥੬੨॥ (੯੪੫-੫, ਰਾਮਕਲੀ, ਮਃ ੧)
ta-o naanak aatam raam ka-o lahai. ||62||

ਗੁਰ ਪਰਸਾਦੀ ਰੰਗੇ ਰਾਤਾ ॥ (੯੪੫-੫, ਰਾਮਕਲੀ, ਮਃ ੧)
gur parsaadee rangay raataa.

ਅੰਮ੍ਰਿਤੁ ਪੀਆ ਸਾਚੇ ਮਾਤਾ ॥ (੯੪੫-੫, ਰਾਮਕਲੀ, ਮਃ ੧)
amrit pee-aa saachay maataa.

ਗੁਰ ਵੀਚਾਰੀ ਅਗਨਿ ਨਿਵਾਰੀ ॥ (੯੪੫-੬, ਰਾਮਕਲੀ, ਮਃ ੧)
gur veechaaree agan nivaaree.

ਅਪਿਉ ਪੀਓ ਆਤਮ ਸੁਖੁ ਧਾਰੀ ॥ (੯੪੫-੬, ਰਾਮਕਲੀ, ਮਃ ੧)
api-o pee-o aatam sukh Dhaaree.

ਸਚੁ ਅਰਾਧਿਆ ਗੁਰਮੁਖਿ ਤਰੁ ਤਾਰੀ ॥ (੯੪੫-੬, ਰਾਮਕਲੀ, ਮਃ ੧)
sach araaDhi-aa gurmukh tar taaree.

ਨਾਨਕ ਬੂਝੈ ਕੋ ਵੀਚਾਰੀ ॥੬੩॥ (੯੪੫-੭, ਰਾਮਕਲੀ, ਮਃ ੧)
naanak boojhai ko veechaaree. ||63||

ਇਹੁ ਮਨੁ ਮੈਗਲੁ ਕਹਾ ਬਸੀਅਲੇ ਕਹਾ ਬਸੈ ਇਹੁ ਪਵਨਾ ॥ (੯੪੫-੭, ਰਾਮਕਲੀ, ਮਃ ੧)
ih man maigal kahaa basee-alay kahaa basai ih pavnaa.

ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ ॥ (੯੪੫-੮, ਰਾਮਕਲੀ, ਮਃ ੧)
kahaa basai so sabad a-oDhoo taa ka-o chookai man kaa bhavnaa.

ਨਦਰਿ ਕਰੇ ਤਾ ਸਤਿਗੁਰੁ ਮੇਲੇ ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥ (੯੪੫-੮, ਰਾਮਕਲੀ, ਮਃ ੧)
nadar karay taa satgur maylay taa nij ghar vaasaa ih man paa-ay.

ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ ॥ (੯੪੫-੯, ਰਾਮਕਲੀ, ਮਃ ੧)
aapai aap khaa-ay taa nirmal hovai Dhaavat varaj rahaa-ay.

ਕਿਉ ਮੂਲੁ ਪਛਾਣੈ ਆਤਮੁ ਜਾਣੈ ਕਿਉ ਸਸਿ ਘਰਿ ਸੂਰੁ ਸਮਾਵੈ ॥ (੯੪੫-੯, ਰਾਮਕਲੀ, ਮਃ ੧)
ki-o mool pachhaanai aatam jaanai ki-o sas ghar soor samaavai.

ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਜਿ ਸਮਾਵੈ ॥੬੪॥ (੯੪੫-੧੦, ਰਾਮਕਲੀ, ਮਃ ੧)
gurmukh ha-umai vichahu khovai ta-o naanak sahj samaavai. ||64||

ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ ॥ (੯੪੫-੧੧, ਰਾਮਕਲੀ, ਮਃ ੧)
ih man nihchal hirdai vasee-alay gurmukh mool pachhaan rahai.

ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ ॥ (੯੪੫-੧੧, ਰਾਮਕਲੀ, ਮਃ ੧)
naabh pavan ghar aasan baisai gurmukh khojat tat lahai.

ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥ (੯੪੫-੧੨, ਰਾਮਕਲੀ, ਮਃ ੧)
so sabad nirantar nij ghar aachhai taribhavan jot so sabad lahai.

ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸਿ ਰਹੈ ॥ (੯੪੫-੧੨, ਰਾਮਕਲੀ, ਮਃ ੧)
khaavai dookh bhookh saachay kee saachay hee tariptaas rahai.

ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ ॥ (੯੪੫-੧੩, ਰਾਮਕਲੀ, ਮਃ ੧)
anhad banee gurmukh jaanee birlo ko arthaavai.

ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ ॥੬੫॥ (੯੪੫-੧੩, ਰਾਮਕਲੀ, ਮਃ ੧)
naanak aakhai sach subhaakhai sach rapai rang kabhoo na jaavai. ||65||

ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ ॥ (੯੪੫-੧੪, ਰਾਮਕਲੀ, ਮਃ ੧)
jaa ih hirdaa dayh na hotee ta-o man kaithai rahtaa.

ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ ॥ (੯੪੫-੧੫, ਰਾਮਕਲੀ, ਮਃ ੧)
naabh kamal asthambh na hoto taa pavan kavan ghar sahtaa.

ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ ॥ (੯੪੫-੧੫, ਰਾਮਕਲੀ, ਮਃ ੧)
roop na hoto raykh na kaa-ee taa sabad kahaa liv laa-ee.

ਰਕਤੁ ਬਿੰਦੁ ਕੀ ਮੜੀ ਨ ਹੋਤੀ ਮਿਤਿ ਕੀਮਤਿ ਨਹੀ ਪਾਈ ॥ (੯੪੫-੧੬, ਰਾਮਕਲੀ, ਮਃ ੧)
rakat bind kee marhee na hotee mit keemat nahee paa-ee.

ਵਰਨੁ ਭੇਖੁ ਅਸਰੂਪੁ ਨ ਜਾਪੀ ਕਿਉ ਕਰਿ ਜਾਪਸਿ ਸਾਚਾ ॥ (੯੪੫-੧੬, ਰਾਮਕਲੀ, ਮਃ ੧)
varan bhaykh asroop na jaapee ki-o kar jaapas saachaa.

ਨਾਨਕ ਨਾਮਿ ਰਤੇ ਬੈਰਾਗੀ ਇਬ ਤਬ ਸਾਚੋ ਸਾਚਾ ॥੬੬॥ (੯੪੫-੧੭, ਰਾਮਕਲੀ, ਮਃ ੧)
naanak naam ratay bairaagee ib tab saacho saachaa. ||66||

ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ॥ (੯੪੫-੧੭, ਰਾਮਕਲੀ, ਮਃ ੧)
hirdaa dayh na hotee a-oDhoo ta-o man sunn rahai bairaagee.

ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ ॥ (੯੪੫-੧੮, ਰਾਮਕਲੀ, ਮਃ 1)
naabh kamal asthambh na hoto taa nij ghar basta-o pavan anraagee.

ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥ (੯੪੫-੧੯, ਰਾਮਕਲੀ, ਮਃ 1)
roop na raykh-i-aa jaat na hotee ta-o akuleen rahta-o sabad so saar.

ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ॥ (੯੪੫-੧੯, ਰਾਮਕਲੀ, ਮਃ ੧)
ga-un gagan jab tabeh na hota-o taribhavan jot aapay nirankaar.

ਵਰਨੁ ਭੇਖੁ ਅਸਰੂਪੁ ਸੁ ਏਕੋ ਏਕੋ ਸਬਦੁ ਵਿਡਾਣੀ ॥ (੯੪੬-੧, ਰਾਮਕਲੀ, ਮਃ ੧)
varan bhaykh asroop so ayko ayko sabad vidaanee.

ਸਾਚ ਬਿਨਾ ਸੂਚਾ ਕੋ ਨਾਹੀ ਨਾਨਕ ਅਕਥ ਕਹਾਣੀ ॥੬੭॥ (੯੪੬-੧, ਰਾਮਕਲੀ, ਮਃ ੧)
saach binaa soochaa ko naahee naanak akath kahaanee. ||67||

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥ (੯੪੬-੨, ਰਾਮਕਲੀ, ਮਃ ੧)
kit kit biDh jag upjai purkhaa kit kit dukh binas jaa-ee.

ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥ (੯੪੬-੩, ਰਾਮਕਲੀ, ਮਃ ੧)
ha-umai vich jag upjai purkhaa naam visri-ai dukh paa-ee.

ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥ (੯੪੬-੩, ਰਾਮਕਲੀ, ਮਃ ੧)
gurmukh hovai so gi-aan tat beechaarai ha-umai sabad jalaa-ay.

ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥ (੯੪੬-੪, ਰਾਮਕਲੀ, ਮਃ ੧)
tan man nirmal nirmal banee saachai rahai samaa-ay.

ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥ (੯੪੬-੪, ਰਾਮਕਲੀ, ਮਃ ੧)
naamay naam rahai bairaagee saach rakhi-aa ur Dhaaray.

ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥ (੯੪੬-੫, ਰਾਮਕਲੀ, ਮਃ ੧)
naanak bin naavai jog kaday na hovai daykhhu ridai beechaaray. ||68||

ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥ (੯੪੬-੬, ਰਾਮਕਲੀ, ਮਃ ੧)
gurmukh saach sabad beechaarai ko-ay.

ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥ (੯੪੬-੬, ਰਾਮਕਲੀ, ਮਃ ੧)
gurmukh sach banee pargat ho-ay.

ਗੁਰਮੁਖਿ ਮਨੁ ਭੀਜੈ ਵਿਰਲਾ ਬੂਝੈ ਕੋਇ ॥ (੯੪੬-੬, ਰਾਮਕਲੀ, ਮਃ ੧)
gurmukh man bheejai virlaa boojhai ko-ay.

ਗੁਰਮੁਖਿ ਨਿਜ ਘਰਿ ਵਾਸਾ ਹੋਇ ॥ (੯੪੬-੭, ਰਾਮਕਲੀ, ਮਃ ੧)
gurmukh nij ghar vaasaa ho-ay.

ਗੁਰਮੁਖਿ ਜੋਗੀ ਜੁਗਤਿ ਪਛਾਣੈ ॥ (੯੪੬-੭, ਰਾਮਕਲੀ, ਮਃ ੧)
gurmukh jogee jugat pachhaanai.

ਗੁਰਮੁਖਿ ਨਾਨਕ ਏਕੋ ਜਾਣੈ ॥੬੯॥ (੯੪੬-੭, ਰਾਮਕਲੀ, ਮਃ ੧)
gurmukh naanak ayko jaanai. ||69||

ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ॥ (੯੪੬-੮, ਰਾਮਕਲੀ, ਮਃ ੧)
bin satgur sayvay jog na ho-ee.

ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥ (੯੪੬-੮, ਰਾਮਕਲੀ, ਮਃ ੧)
bin satgur bhaytay mukat na ko-ee.

ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ॥ (੯੪੬-੮, ਰਾਮਕਲੀ, ਮਃ ੧)
bin satgur bhaytay naam paa-i-aa na jaa-ay.

ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ॥ (੯੪੬-੯, ਰਾਮਕਲੀ, ਮਃ ੧)
bin satgur bhaytay mahaa dukh paa-ay.

ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ॥ (੯੪੬-੯, ਰਾਮਕਲੀ, ਮਃ ੧)
bin satgur bhaytay mahaa garab gubaar.

ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ ॥੭੦॥ (੯੪੬-੧੦, ਰਾਮਕਲੀ, ਮਃ ੧)
naanak bin gur mu-aa janam haar. ||70||

ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥ (੯੪੬-੧੦, ਰਾਮਕਲੀ, ਮਃ ੧)
gurmukh man jeetaa ha-umai maar.

ਗੁਰਮੁਖਿ ਸਾਚੁ ਰਖਿਆ ਉਰ ਧਾਰਿ ॥ (੯੪੬-੧੦, ਰਾਮਕਲੀ, ਮਃ ੧)
gurmukh saach rakhi-aa ur Dhaar.

ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥ (੯੪੬-੧੧, ਰਾਮਕਲੀ, ਮਃ ੧)
gurmukh jag jeetaa jamkaal maar bidaar.

ਗੁਰਮੁਖਿ ਦਰਗਹ ਨ ਆਵੈ ਹਾਰਿ ॥ (੯੪੬-੧੧, ਰਾਮਕਲੀ, ਮਃ ੧)
gurmukh dargeh na aavai haar.

ਗੁਰਮੁਖਿ ਮੇਲਿ ਮਿਲਾਏ ਸੁੋ ਜਾਣੈ ॥ (੯੪੬-੧੧, ਰਾਮਕਲੀ, ਮਃ ੧)
gurmukh mayl milaa-ay so jaanai.

ਨਾਨਕ ਗੁਰਮੁਖਿ ਸਬਦਿ ਪਛਾਣੈ ॥੭੧॥ (੯੪੬-੧੨, ਰਾਮਕਲੀ, ਮਃ ੧)
naanak gurmukh sabad pachhaanai. ||71||

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥ (੯੪੬-੧੨, ਰਾਮਕਲੀ, ਮਃ ੧)
sabdai kaa nibayrhaa sun too a-oDhoo bin naavai jog na ho-ee.

ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥ (੯੪੬-੧੩, ਰਾਮਕਲੀ, ਮਃ ੧)
naamay raatay an-din maatay naamai tay sukh ho-ee.

ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥ (੯੪੬-੧੩, ਰਾਮਕਲੀ, ਮਃ ੧)
naamai hee tay sabh pargat hovai naamay sojhee paa-ee.

ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥ (੯੪੬-੧੪, ਰਾਮਕਲੀ, ਮਃ ੧)
bin naavai bhaykh karahi bahutayray sachai aap khu-aa-ee.

ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥ (੯੪੬-੧੪, ਰਾਮਕਲੀ, ਮਃ ੧)
satgur tay naam paa-ee-ai a-oDhoo jog jugat taa ho-ee.

ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥੭੨॥ (੯੪੬-੧੫, ਰਾਮਕਲੀ, ਮਃ ੧)
kar beechaar man daykhhu naanak bin naavai mukat na ho-ee. ||72||

ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ ॥ (੯੪੬-੧੬, ਰਾਮਕਲੀ, ਮਃ ੧)
tayree gat mit toohai jaaneh ki-aa ko aakh vakhaanai.

ਤੂ ਆਪੇ ਗੁਪਤਾ ਆਪੇ ਪਰਗਟੁ ਆਪੇ ਸਭਿ ਰੰਗ ਮਾਣੈ ॥ (੯੪੬-੧੬, ਰਾਮਕਲੀ, ਮਃ ੧)
too aapay guptaa aapay pargat aapay sabh rang maanai.

ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ ॥ (੯੪੬-੧੭, ਰਾਮਕਲੀ, ਮਃ ੧)
saaDhik siDh guroo baho chaylay khojat fireh furmaanai.

ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ ॥ (੯੪੬-੧੭, ਰਾਮਕਲੀ, ਮਃ ੧)
maageh naam paa-ay ih bhikhi-aa tayray darsan ka-o kurbaanai.

**ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ ॥** (੯੪੬-੧੮, ਰਾਮਕਲੀ, ਮਃ ੧)
abhinaasee parabh khayl rachaa-i-aa gurmukh sojhee ho-ee.

**ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ ॥੭੩॥੧॥** (੯੪੬-੧੯, ਰਾਮਕਲੀ, ਮਃ ੧)
naanak sabh jug aapay vartai doojaa avar na ko-ee. ||73||1||